# ਨਿਰੰਤਰ ਸੁਣਾਈ ਗਈ ਮਹਾਨ ਕਹਾਣੀ



MIS Punjabi.indd 1 9/30/21 8:40 PM




MIS Punjabi.indd 2 9/30/21 8:40 PM


ਪਰਮੇਸ਼ਵਰ ਕਿਤਾਬਾਂ ਵਿੱਚ ਨਹੀਂ ਲਿਖਦਾ, ਕੀ ਉਹ ਲਿਖਦਾ ਏ?
ਸਿਰਫ਼ ਪਰਮੇਸ਼ਵਰ ਹੀ ਅਜਿਹੀ ਕਿਤਾਬ ਬਣਾ ਸਕਦਾ ਹੈ। ਪਰਮੇਸ਼ਵਰ ਨੇ 40 ਵੱਖ ਵੱਖ ਲੋਕਾਂ ਦੀ ਮਦਦ ਲਈ, ਵਿਸ਼ਾਲ ਉਨਾਂ ਨੇ 1500 ਸਾਲਾਂ ਦੇ ਸਮੇਂ ਵਿੱਚ ਇਹ ਬਾਈਬਲ ਲਿਖੀ। ਇਸ ਵਿੱਚ 66 ਕਿਤਾਬਾਂ ਹਨ ਜੋ ਇੱਕ ਦੂਜੇ ਨਾਲ ਮਿਲਦੀਆਂ ਹਨ ਅਤੇ ਇੱਕ ਦੂਜੇ ਦੇ ਬਿਲਕੁਲ ਅਨੁਕੂਲ ਹਨ।
ਪਰਮੇਸ਼ਵਰ ਭਲਾ ਕਿਹੋ ਜਿਹੇ ਰੂਪ ਵਿੱਚ ਹੈ?
ਪਰਮੇਸ਼ਵਰ ਸਾਡਾ ਖਿਆਲ ਰੱਖਦਾ ਹੈ। ਜਦੋਂ ਵੀ ਅਸੀਂ ਉਸ ਕੋਲੋਂ ਮੱਦਦ ਮੰਗਦੇ ਹਾਂ ਤਾਂ ਉਹ ਪੂਰੀ ਕਰਦਾ ਹੈ। ਉਹ ਪਾਕ ਅਤੇ ਪਵਿੱਤਰ ਹੈ। ਤੁਸੀਂ ਉਸਨੂੰ ਦੇਖ ਨਹੀਂ ਸਕਦੇ ਪਰ ਉਹ ਸਭ ਕੁਝ ਦੇਖਦਾ ਅਤੇ ਜਾਣਦਾ ਹੈ। ਉਹ ਕੁਝ ਵੀ ਕਰ ਸਕਦਾ ਹੈ। ਹੁਣ ਤੁਹਾਡੇ ਪਿਤਾ ਜੀ ਤੁਹਾਨੂੰ ਕਹਾਣੀ ਸੁਨਾਣਗੇ ਅਤੇ ਫ਼ੇਰ ਤੁਸੀਂ ਜਾਣ ਜਾਓਂਗੇ।
ਬਹੁਤ ਸਮਾਂ ਪਹਿਲਾਂ ਪਰਮੇਸ਼ਵਰ ਨੇ ਇਸੇ ਸ੍ਰਿਸ਼ਟੀ ਅਤੇ ਇਸ ਵਿੱਚ ਮੌਜੂਦ ਹਰ ਚੀਜ਼ ਦੀ ਰਚਨਾ ਕੀਤੀ। ਫ਼ਿਰ ਪਰਮੇਸ਼ਵਰ ਨੇ ਈਡਨ ਦਾ ਇੱਕ ਬਾਗ ਸਜਾਇਆ। ਇਹ ਉਸਨੇ ਆਪਣੀ ਖਾਸ ਸਿਰਜਣਾ ਵਾਸਤੇ ਤਿਆਰ ਕੀਤਾ।
ਇਹ ਤਾਂ ਅਸੀਂ ਹੀ ਹਾਂ



# ਸ੍ਰਿਸ਼ਟੀ ਦੀ ਰਚਨਾ - ਆਦਮ ਅਤੇ ਹੱਵਾ

*ਬਾਈਬਲ ਸੰਦਰਭ: ਉਤਪਤੀ 1, 2*

**ਫ਼ਿਰ ਪਰਮੇਸ਼ਵਰ ਨੇ ਕਿਹਾ, 'ਚੱਲੋ ਅਸੀਂ ਮਨੁੱਖ ਨੂੰ ਆਪਣੀ ਸੋਚ ਮੁਤਾਬਕ, ਆਪਣੇ ਵਰਗਾ ਹੀ ਬਣਾਈਏ।' ਤਦ ਯਹੋਵਾ ਪਰਮੇਸ਼ਵਰ ਨੇ ਆਦਮ ਦਾ ਸ਼ਰੀਰ ਧਰਤੀ ਦੀ ਮਿੱਟੀ ਤੋ ਤਿਆਰ ਕੀਤਾ ਅਤੇ ਇਸ ਵਿੱਚ ਜ਼ਿੰਦਗੀ ਜੀਣ ਦਾ ਸਾਹ ਭਰਿਆ। ਫ਼ਿਰ ਆਦਮ ਜਿੰਦਾ ਜਾਨ ਬਣ ਗਈ।**

'ਮਿੱਟੀ ਨਾਲ?'

ਬਿਲਕੁਲ ਠੀਕ ਵਿਸ਼ਾਲ। ਪਰਮੇਸ਼ਵਰ ਤਾ ਕੁਝ ਵੀ ਕਰ ਸਕਦਾ ਹੈ।

**ਫ਼ਿਰ ਪਰਮੇਸ਼ਵਰ ਨੇ ਕਿਹਾ, 'ਆਦਮ ਦੇ ਲਈ ਇਕੱਲਾ ਰਹਿਣਾ ਕੋਈ ਚੰਗੀ ਗੱਲ ਨਹੀਂ। ਮੈਂ ਉਸ ਲਈ ਇੱਕ ਚੰਗਾ ਸਹਿਯੋਗੀ ਬਣਾਵਾਂਗਾ ਜੋ ਉਸਦੀ ਮਦਦ ਕਰ ਸਕੇ।' ਫ਼ਿਰ ਯਹੋਵਾ ਪਰਮੇਸ਼ਵਰ ਨੇ ਉਸਨੂੰ ਗਹਿਰੀ ਨੀਂਦ ਸਵਾ ਦਿੱਤਾ। ਉਸਨੇ ਆਦਮੀ ਦੀ ਇੱਕ ਪੱਸਲੀ ਕੱਢਕੇ ਉਸਦੀ ਇੱਕ ਔਰਤ ਬਣਾ ਦਿੱਤੀ। ਪਰਮੇਸ਼ਵਰ ਨੇ ਇੱਕ ਔਰਤ ਬਣਾਈ, ਹੱਵਾ। ਆਦਮ ਵਾਸਤੇ ਇੱਕ ਵਹੁਟੀ। ਬਗੀਚੇ ਦੇ ਵਿਚਕਾਰ ਯਹੋਵਾ ਪਰਮੇਸ਼ਵਰ ਨੇ ਜ਼ਿੰਦਗੀ ਅਤੇ ਬੁਰਾਈ ਤੇ ਅੱਛਾਈ ਦੇ ਗਿਆਨ ਦਾ ਇੱਕ ਦਰੱਖਤ ਲਗਵਾ ਦਿੱਤਾ। ਪਰ ਪਰਮੇਸ਼ਵਰ ਨੇ ਆਦਮ ਨੂੰ ਇੱਕ ਚਿਤਾਵਨੀ ਦਿੱਤੀ, 'ਤੂੰ ਬਗੀਚੇ ਦੇ ਕਿਸੇ ਵੀ ਦਰੱਖਤ ਦੇ ਫ਼ਲ ਖਾ ਸਕਦਾ ਏਂ' ਪਰ ਜਿਹੜਾ ਭਲੇ ਅਤੇ ਬੁਰੇ ਦੇ ਗਿਆਨ ਦਾ ਦਰੱਖਤ ਹੈ - ਉਸ ਤੋਂ ਕਦੀ ਵੀ ਕੋਈ ਫ਼ਲ ਨਹੀਂ ਖਾਣਾ, ਕਿਉਂਕਿ ਜਿਸ ਦਿਨ ਤੂੰ ਉਸਦਾ ਫ਼ਲ ਖਾਵੇਂਗਾ, ਉਸ ਦਿਨ ਤੂੰ ਜ਼ਰੂਰ ਮਰ ਜਾਵੇਂਗਾ।'**

ਆਦਮ ਅਤੇ ਹੱਵਾ ਉਸ ਬਗੀਚੇ ਵਿੱਚ ਰਹਿੰਦੇ ਰਹੇ ਅਤੇ ਬੜੇ ਖੁਸ਼ ਸਨ। ਉਹ ਪਰਮੇਸ਼ਵਰ ਦੇ ਕਰੀਬ ਸਨ ਅਤੇ ਉਸਦੀ ਨੇੜਤਾ ਕਾਰਣ ਖੁਸ਼ ਸਨ। ਪਰ ਇੱਕ ਦਿਨ ...

MIS Punjabi.indd 4 9/30/21 8:40 PM







# ਆਦਮ ਅਤੇ ਹੱਵਾ ਨੇ ਪਾਪ ਕੀਤਾ

*ਬਾਈਬਲ ਸੰਦਰਭ: ਉਤਪਤੀ 3*

ਸ਼ੈਤਾਨ, ਪਰਮੇਸ਼ਵਰ ਦੇ ਦੁਸ਼ਮਣ, ਨੇ ਸੱਪ ਦਾ ਰੂਪ ਧਾਰਨ ਕਰ ਲਿਆ। ਉਹ ਨਹੀਂ ਸੀ ਚਾਹੁੰਦਾ ਕਿ ਆਦਮ ਅਤੇ ਹੱਵਾ ਪਰਮੇਸ਼ਵਰ ਦੇ ਆਗਿਆਕਾਰੀ ਬਣਕੇ ਰਹਿਣ।

**ਉਸਨੇ ਔਰਤ ਕੋਲੋਂ ਪੁੱਛਿਆ, 'ਕੀ ਪਰਮੇਸ਼ਵਰ ਨੇ ਸੱਚਮੁੱਚ ਇਹ ਕਿਹਾ ਹੈ ਕਿ ਤੁਸੀਂ ਇਸ ਬਗੀਚੇ ਦੇ ਕਿਸੇ ਵੀ ਦਰੱਖਤ ਦੇ ਫ਼ਲ ਨਹੀਂ ਖਾਣੇ?' ਔਰਤ ਨੇ ਸੱਪ ਨੂੰ ਕਿਹਾ, 'ਪਰਮੇਸ਼ਵਰ ਨੇ ਇਹ ਕਿਹਾ ਹੈ ਕਿ ਬਗੀਚੇ ਦੇ ਵਿਚਕਾਰ ਲੱਗੇ ਦਰੱਖਤ ਦੇ ਨਾ ਤਾਂ ਫ਼ਲ ਹੀ ਖਾਣੇ ਨੇ ਤੇ ਨਾ ਹੀ ਉਨਾਂ ਨੂੰ ਹੱਥ ਹੀ ਲਾਉਣਾ ਹੈ, ਨਹੀਂ ਤਾਂ ਮਰ ਜਾਓਂਗੇ।' 'ਤੁਸੀਂ ਨਹੀਂ ਮਰੋਂਗੇ।' ਸੱਪ ਨੇ ਫ਼ੁੰਕਾਰਾ ਮਾਰਿਆ, 'ਬਲਕਿ ਤੁਸੀਂ ਪਰਮੇਸ਼ਵਰ ਵਰਗੇ ਹੀ ਹੋ ਜਾਵੋਂਗੇ।' ਔਰਤ ਨੂੰ ਯਕੀਨ ਹੋ ਗਿਆ ਕਿ ਫ਼ਲ ਬਿਲਕੁਲ ਤਾਜ਼ਾ ਅਤੇ ਸਵਾਦ ਨਜ਼ਰ ਆ ਰਿਹਾ ਹੈ ਅਤੇ ਉਸਨੂੰ ਬੁਧੀਮਾਨ ਬਣਾ ਦੇਵੇਗਾ ਤੇ ਫ਼ਿਰ ...**

ਨਾ ... ਨਾ ... ਹੱਵਾ ਤੂੰ ਨਾ ਖਾਵੀਂ ਇਸਨੂੰ। ਠੀਕ ਸਲਾਹ ਦਿੱਤੀ, ਵਿਸ਼ਾਲ ਤੂੰ ਤਾਂ? ਪਰ ਉਸਨੇ ਫ਼ਲ ਖਾਧਾ ਤੇ ... ਆਦਮ ਨੇ ਵੀ ਖਾਧਾ।

ਅਚਾਨਕ, ਉਹ ਡਰ ਗਏ। ਜਦੋਂ ਪਰਮੇਸ਼ਵਰ ਬਾਗ ਵਿੱਚ ਚਹਿਲ ਕਦਮੀ ਕਰਨ ਆਇਆ ਤਾਂ ਉਹ ਲੁਕ ਗਏ। ਯਹੋਵਾਹ ਪਰਮੇਸ਼ਵਰ ਦੀ ਆਗਿਆ ਦਾ ਉਲੰਘਣ ਕਰਕੇ ਉਨਾਂ ਨੇ ਪਾਪ ਕੀਤਾ ਸੀ। ਇਸ ਕਰਕੇ ਪਰਮੇਸ਼ਵਰ ਨੇ ਉਨਾਂ ਨੂੰ ਈਡਨ ਬਗੀਚੇ ਵਿੱਚੋਂ ਕੱਢ ਦਿੱਤਾ ... ਤੇ ਕਿਤੇ ਦੂਰ ਭੇਜ ਦਿੱਤਾ।




MIS Punjabi.indd 8 9/30/21 8:40 PM


ਪਰਮੇਸ਼ਵਰ ਆਦਮ ਅਤੇ ਹੱਵਾ ਨੂੰ ਪਿਆਰ ਕਰਦਾ ਸੀ। ਉਹ ਚਾਹੁੰਦਾ ਸੀ ਕਿ ਉਹ ਆਪ ਚੋਣ ਕਰਨ ਕਿ ਉਹ ਪਰਮੇਸ਼ਵਰ ਨਾਲ ਪਿਆਰ ਕਰਨ ਤੇ ਉਸਦੀ ਆਗਿਆ ਦਾ ਪਾਲਣ ਕਰਨ। ਪਰ ਉਨਾਂ ਨੇ ਉਸਦੀ ਆਗਿਆ ਨੂੰ ਤੋੜਨਾ ਚੁਣ ਲਿਆ। ਉਹ ਨਹੀਂ ਜਾਣਦੇ ਸਨ ਕਿ ਪਰਮੇਸ਼ਵਰ ਤੋਂ ਦੂਰੀ ਕਿੰਨੀ ਦੁੱਖਦਾਈ ਹੋ ਸਕਦੀ ਹੈ। ਤੇ ਫ਼ੇਰ
... ਕਿਉਂਕਿ ਉਨਾਂ ਪਾਪ ਚੁਣ ਲਿਆ ਤਾਂ ਉਸਤੋਂ ਬਾਅਦ ਆਉਣ ਵਾਲੀ ਨਸਲ ਪਾਪੀ ਹੀ ਪੈਦਾ ਹੋਈ ਅਤੇ ਉਹ ਵੀ ਪਰਮੇਸ਼ਵਰ ਤੋਂ ਦੂਰ ਰਹੀ
ਤੁਹਾਡਾ ਮਤਲਬ ਇਹ ਹੈ ਕਿ ਉਨਾਂ ਦੀ ਵਜਾ ਕਰਕੇ ਅਸੀਂ ਵੀ ਪਰਮੇਸ਼ਵਰ ਦੇ ਨਾਲ ਨਹੀਂ ਰਹਿ ਸਕਦੇ? ਇਹ ਤਾ ਜ਼ਿਆਦਤੀ ਹੈ।
ਸਿਰਫ਼ ਉਨਾਂ ਕਰਕੇ ਹੀ ਨਹੀਂ ਵਿਸ਼ਾਲ। ਜਦੋਂ ਵੀ ਅਸੀਂ ਗਲਤੀ ਕਰਦੇ ਹਾਂ ਤਾਂ ਪਾਪ ਕਮਾਉਂਦੇ ਹਾਂ। ਫ਼ਿਰ ਵੀ ਡਰਨ ਦੀ ਲੋੜ ਨਹੀਂ, ਪਰਮੇਸ਼ਵਰ ਨੇ ਸਾਨੂੰ ਆਪਣੇ ਕੋਲ ਹੋਣ ਦਾ ਇੱਕ ਅਦਭੁਤ ਤਰੀਕਾ ਵੀ ਬਣਾਇਆ ਹੈ। ਉਸ ਲਈ ਇੱਕ ਪੂਰਨ ਮਨੁੱਖ ਦੀ ਲੋੜ ਹੈ ਜੋ ਸਾਡੇ ਪਾਪਾਂ ਲਈ ਆਪਣੀ ਜਾਨ ਦੇ ਦੇਵੇ।
ਜਦੋਂ ਪਰਮੇਸ਼ਵਰ ਵੱਲੋਂ ਸਾਰੀ ਯੋਜਨਾ ਤਿਆਰ ਹੋ ਗਈ ਤਾਂ ਉਸਨੇ ਇਸਦੀ ਸ਼ੁਰੂਆਤ ਇੱਕ ਬੱਚੇ ਤੋਂ ਕੀਤੀ।



# ਈਸਾ ਦਾ ਜਨਮ

*ਬਾਈਬਲ ਸੰਦਰਭ: ਮੱਤੀ 1, ਲੂਕਾ 2*

ਪਰਮੇਸ਼ਵਰ ਨੇ ਆਪਣਾ ਪੁੱਤਰ ਮਰੀਅਮ ਨੂੰ ਬੱਚੇ ਦੇ ਰੂਪ ਵਿੱਚ ਦਿੱਤਾ। ਉਸਨੇ ਯੂਸਫ਼ ਨੂੰ ਮਰੀਅਮ ਦੀ ਦੇਖਭਾਲ ਕਰਨ ਵਾਸਤੇ ਚੁਣਿਆ ਕਿਉਂਕਿ ਬੱਚਾ ਪਰਮੇਸ਼ਵਰ ਦਾ ਆਪਣਾ ਬੱਚਾ ਸੀ ਤੇ ਉਹ ਬਿੰਨਾਂ ਕਿਸੇ ਪਾਪ ਦੇ ਪੈਦਾ ਹੋਇਆ ਸੀ।

**ਯੂਸੁਫ਼ ਨੂੰ ਪਰਮੇਸ਼ਵਰ ਦਾ ਭੇਜਿਆ ਸਵਰਗ ਦੂਤ ਸੁਪਨੇ ਵਿੱਚ ਦਿਖਾਈ ਦਿੱਤਾ। ਸਵਰਗ ਦੂਤ ਨੇ ਕਿਹਾ, 'ਮਰੀਅਮ ਦੇ ਇੱਕ ਬੇਟਾ ਪੈਦਾ ਹੋਵੇਗਾ ਤੇ ਤੂੰ ਉਸਦਾ ਨਾਂ ਈਸਾ ਰੱਖੀਂ ਕਿਉਂਕਿ ਉਹ ਆਪਣੇ ਲੋਕਾਂ ਨੂੰ ਉਨਾਂ ਦੇ ਪਾਪਾਂ ਤੋਂ ਮੁਕਤੀ ਦਵਾਏਗਾ।'**
(ਈਸਾ ਦਾ ਮਤਲਬ ਹੈ ਮੁਕਤੀ ਦਵਾਉਣ ਵਾਲਾ ਦੇਵਤਾ।)



**ਬੱਚੇ ਦੇ ਪੈਦਾ ਹੋਣ ਤੋਂ ਥੋੜਾ ਸਮਾਂ ਪਹਿਲਾਂ ਯੂਸਫ਼ ਅਤੇ ਮਰੀਅਮ ਨੂੰ ਬੈਥਲਹਮ ਜਾਣਾ ਪੈ ਗਿਆ।**

**ਜਦੋਂ ਉਹ ਉਥੇ ਰਹਿ ਰਹੇ ਸਨ ਤਾਂ ਮਰੀਅਮ ਨੇ ਆਪਣੇ ਪਲੇਠੇ ਪੁੱਤਰ ਨੂੰ ਜਨਮ ਦਿੱਤਾ।**

ਪਰਮੇਸ਼ਵਰ ਨੇ ਆਪਣੇ ਪੁੱਤਰ ਦੇ ਪੈਦਾ ਹੋਣ ਦੀ ਖਬਰ ਲੋਕਾਂ ਤੱਕ ਪਹੁਚਾਉਣ ਲਈ ਸਵਰਗ ਦੂਤ ਭੇਜੇ। ਉਹ ਇਸ ਅਦਭੁਤ ਘਟਨਾ ਨੂੰ ਵੇਖਣ ਆਏ, ਪਰਮੇਸ਼ਵਰ ਦੇ ਪੁੱਤਰ ਨੂੰ ਇੱਕ ਬੱਚੇ ਦੇ ਰੂਪ ਵਿੱਚ ਪੈਦਾ ਹੋਇਆ ਦੇਖਣ ਲਈ। ‘ਬੱਚਿਓ, ਈਸਾ ਤੁਹਾਡੇ ਵਾਂਗ ਹੀ ਵੱਡਾ ਹੋਇਆ।’ ‘ਪਿਤਾ ਜੀ, ਕੀ ਉਹ ਸਕੂਲ ਜਾਂਦਾ ਸੀ? ਖੇਡਦਾ ਵੀ ਸੀ?’ ‘ਹਾਂ, ਵਿਸ਼ਾਲ। ਉਹ ਆਪਣੇ ਮਾਂ-ਬਾਪ ਦੀ ਆਗਿਆ ਵੀ ਮੰਨਦਾ ਸੀ ਅਤੇ ਉਹ ਆਪਣੇ ਅਸਲੀ ਪਿਤਾ ਪਰਮੇਸ਼ਵਰ ਦਾ ਵੀ ਆਗਿਆਕਾਰੀ ਰਿਹਾ ਅਤੇ ਉਸਨੇ ਕਦੀ ਵੀ ਕੋਈ ਪਾਪ ਨਹੀਂ ਕੀਤਾ।



# ਈਸਾ - ਉਪਦੇਸ਼ਕ

*ਬਾਈਬਲ ਸੰਦਰਭ: ਲੂਕਾ 2, ਮੱਤੀ 22, ਯੂਹੰਨਾ 3*

ਈਸਾ ਜਦੋਂ *12* ਸਾਲਾਂ ਦਾ ਸੀ ਤੇ ਉਹ ਯੇਰੁਸ਼ਲਮ ਦੇ ਉਪਦੇਸ਼ਕਾਂ ਨਾਲ ਸੀ।

**ਈਸਾ, ਮੰਦਿਰ ਵਿੱਚ ਉਪਦੇਸ਼ਕਾਂ ਨਾਲ ਗੰਭੀਰ ਸਵਾਲਾਂ ਬਾਰੇ ਡੂੰਘੀ ਚਰਚਾ ਕਰ ਰਹੇ ਸਨ ਅਤੇ ਜਿਨਾਂ ਨੇ ਵੀ ਉਸਦੇ ਵਿਚਾਰ ਸੁਣੇ, ਉਹ ਉਸਦੇ ਸਵਾਲਾਂ ਦੇ ਜਵਾਬ ਅਤੇ ਸਮਝ ਤੋਂ ਹੈਰਾਨ ਹੋ ਰਹੇ ਸਨ। ਈਸਾ ਸਰੀਰਕ ਅਤੇ ਸਮਝ ਪੱਖੋਂ ਪ੍ਰਫੁਲਤ ਹੁੰਦਾ ਗਿਆ, ਤੇ ਇਸਦੇ ਨਾਲ ਹੀ ਪਰਮੇਸ਼ਵਰ ਅਤੇ ਉਹ ਲੋਕ ਜਿਹੜੇ ਉਸਨੂੰ ਸਮਝਦੇ ਸਨ, ਉਨਾਂ ਦਾ ਪਿਆਰ ਵੀ ਮਿਲਦਾ ਗਿਆ।**

ਜਦੋਂ ਈਸਾ ਦੀ ਉਮਰ *30* ਸਾਲ ਦੀ ਹੋ ਗਈ ਤਾਂ ਉਸਨੇ ਲੋਕਾਂ ਵਿੱਚ ਪ੍ਰਚਾਰ ਅਤੇ ਸੰਚਾਰ ਕਰਨਾ ਸ਼ੁਰੂ ਕੀਤਾ। ਉਸਨੇ ਸਮਝਾਉਣਾ ਸ਼ੁਰੂ ਕੀਤਾ ਕਿ ਪਰਮੇਸ਼ਵਰ ਲੋਕਾਂ ਦੀ ਕਰਨੀ ਤੇ ਕਥਨੀ ਤੋਂ ਕਿਵੇਂ ਪਰੇਸ਼ਾਨ ਹੁੰਦੇ ਹਨ।

**ਈਸਾ ਨੇ ਲੋਕਾਂ ਨੂੰ ਕਿਹਾ, 'ਤੁਸੀਂ ਆਪਣੇ ਪਰਮੇਸ਼ਵਰ ਨੂੰ ਤਨੋ ਮਨੋ ਅਤੇ ਦਿਲੋ ਦਿਮਾਗ ਨਾਲ ਪਿਆਰ ਕਰੋ। ਇਹੋ ਹੀ ਸਭ ਤੋਂ ਵੱਡੀ ਪਰਮੇਸ਼ਵਰ ਵੱਲੋਂ ਆਗਿਆ ਹੈ। ਦੂਸਰੀ ਵੀ ਇਸੇ ਤਰਾਂ ਹੀ ਮਹੱਤਵਪੂਰਨ ਹੈ ਕਿ ਤੁਸੀਂ ਆਪਣੇ ਗੁਆਂਢੀ ਨਾਲ ਵੀ ਆਪਣਿਆ ਵਾਂਗ ਹੀ ਪਿਆਰ ਕਰੋ।'**

ਸਾਨੂੰ ਪਰਮੇਸ਼ਵਰ ਪਾਸ ਵਾਪਸ ਲੈ ਜਾਣ ਦੀ ਪਰਮੇਸ਼ਵਰ ਦੀ ਤਰਕੀਬ ਵੀ ਈਸਾ ਨੇ ਸਮਝਾਈ।

ਉਨਾਂ ਨੇ ਕਿਹਾ, **'ਪਰਮੇਸ਼ਵਰ ਨੇ ਇਸ ਸੰਸਾਰ ਨੂੰ ਐਨਾ ਪਿਆਰ ਕੀਤਾ ਕਿ ਉਸਨੇ ਆਪਣਾ ਇਕਲੌਤਾ ਪੁੱਤਰ ਵੀ ਇਸਨੂੰ ਦੇ ਦਿੱਤਾ। ਉਹ ਇਸ ਲਈ ਕਿ ਜੋ ਵੀ ਉਸ ਉੱਤੇ ਵਿਸ਼ਵਾਸ ਕਰੇ ਉਸਦਾ ਕਦੀ ਅੰਤ ਨਾ ਆਵੇ ਉਹ ਅਨੰਤ ਜੀਵਨ ਪਾਵੇ।'** ਪਿਤਾ ਜੀ, ਮੈਂ ਈਸਾ ਵਿੱਚ ਵਿਸ਼ਵਾਸ ਰੱਖਦੀ ਹਾਂ। ਇਹ ਤਾਂ ਬੜੀ ਚੰਗੀ ਗੱਲ ਏ ਵੈਸ਼ਾਲੀ।





# ਈਸਾ - ਭਲਾ ਕਰਨ ਵਾਲਾ

*ਬਾਈਬਲ ਸੰਦਰਭ ਮੱਤੀ 4, 9*

ਪਰਮੇਸ਼ਵਰ ਦਾ ਰੂਪ ਕਿਹੋ ਜਿਹਾ ਹੈ, ਇਹ ਦਿਖਾਉਣ ਵਾਸਤੇ ਈਸਾ ਨੇ ਲੋਕਾਂ ਦੀ ਮਦਦ ਕਰਨੀ ਸ਼ੁਰੂ ਕੀਤੀ। ਇਸ ਤਰਾਂ ਉਸਨੇ ਹਰ ਕਿਸਮ ਦੇ ਬਿਮਾਰ ਅਤੇ ਲਾਚਾਰ ਲੋਕਾਂ ਦੇ ਦੁਖ ਦੂਰ ਕਰਨੇ ਸ਼ੁਰੂ ਕੀਤੇ।

**ਬਿਮਾਰ ਲੋਕ ਬੜੀ ਛੇਤੀ ਹੀ ਠੀਕ ਹੋਣ ਲੱਗ ਪਏ। ਇਨਾਂ ਰੋਗੀਆਂ ਵਿੱਚ ਕਈ ਕਿਸਮ ਦੀਆਂ ਬਿਮਾਰੀਆਂ ਵਾਲੇ ਸਨ ਜਿਵੇਂ ਦੁਸ਼ਟ ਆਤਮਾਵਾਂ ਤੋਂ ਪੀੜਤ, ਮਿਰਗੀ ਅਤੇ ਲਕਵੇ ਦੇ ਮਾਰੇ ਲੋਕ - ਇਨਾਂ ਸਾਰਿਆਂ ਨੂੰ ਈਸਾ ਨੇ ਭਲਾ ਚੰਗਾ ਕੀਤਾ।**

ਇੱਕ ਵਾਰੀ ਇੱਕ ਰਾਜ ਅਧਿਕਾਰੀ ਆਇਆ ਤੇ ਈਸਾ ਮਸੀਹ ਅੱਗੇ ਮੱਥਾ ਟੇਕ ਕੇ ਕਹਿਣ ਲੱਗਾ,

**‘ਮੇਰੀ ਬੇਟੀ ਅਜੇ ਹੁਣੇ ਹੀ ਮਰੀ ਹੈ। ਉਸਨੇ ਕਿਹਾ, ‘ਪਰ ਤੁਸੀਂ ਆਪਣੇ ਹੱਥਾਂ ਦੀ ਛੋਹ ਨਾਲ ਉਸਨੂੰ ਫ਼ਿਰ ਜਿੰਦਾ ਕਰ ਸਕਦੇ ਹੋ, ਤੁਸੀਂ ਮੇਰੇ ਨਾਲ ਇੱਕ ਵਾਰੀ ਮੇਰੇ ਘਰ ਚੱਲੋ। ਈਸਾ ਉਸ ਨਾਲ ਘਰ ਚਲੇ ਗਏ ਅਤੇ ਉਸਦੀ ਬੇਟੀ ਦਾ ਹੱਥ ਫ਼ੜਿਆ ਤਾਂ ਉਹ ਉਠਕੇ ਬੈਠ ਗਈ।** ‘ਵਾਹ। ਈਸਾ ਤਾਂ ਸੱਚਮੁੱਚ ਲੋਕਾਂ ਦੀ ਭਲਾਈ ਕਰਦਾ ਸੀ’ ‘ਬਿਲਕੁੱਲ ਠੀਕ ਵਿਸ਼ਾਲ, ਅਤੇ ਉਹ ਅੱਜ ਵੀ ਲੋਕਾਂ ਦੀ ਭਲਾਈ ਕਰਦਾ ਹੈ ਅਤੇ ਈਸਾ ਮਸੀਹ ਲਈ ਕੁਝ ਵੀ ਨਾਮੁਮਕਿਨ ਨਹੀਂ।



MIS Punjabi.indd 14 9/30/21 8:40 PM





# ਈਸਾ ਮਸੀਹ - ਚਮਤਕਾਰ ਕਰਨ ਵਾਲਾ

*ਬਾਈਬਲ ਸੰਦਰਭ: ਮੱਤੀ 14, ਯੂਹੰਨਾ 6*

"ਈਸਾ ਨੇ ਹੋਰ ਕਈ ਹੈਰਾਨੀਜਨਕ ਅਤੇ ਵਚਿੱਤਰ ਕੰਮ ਕਰਕੇ ਵਿਖਾਏ ਉਹ ਤੂਫ਼ਾਨ ਨੂੰ ਸ਼ਾਂਤ ਕਰ ਦਿੰਦਾ ਅਤੇ ਪਾਣੀ ਉੱਪਰ ਵੀ ਤੁਰ ਲੈਂਦਾ।" "ਇਹ ਤਾਂ ਬੜਾ ਉਤੇਜਿਤ ਕਰਨ ਵਾਲਾ ਹੋਵੇਗਾ।" "ਇਹ ਤਾਂ ਸੀ ਵਿਸ਼ਾਲ। ਇੱਕ ਵਾਰ ਇਸ ਤਰਾਂ ਹੋਇਆ ਕਿ ਇੱਕ ਦੂਰ ਦੁਰਾਡੀ ਜਗ਼ਾ 'ਤੇ ਈਸਾ ਦੇ *5000* ਤੋਂ ਵੀ ਉੱਪਰ ਚੇਲੇ ਇਕੱਠੇ ਹੋਏ। ਉਨਾਂ ਦੇ ਚੇਲੇ ਚਾਹੁੰਦੇ ਸਨ ਕਿ ਕੁਝ ਲੋਕਾਂ ਨੂੰ ਸ਼ਹਿਰ ਭੇਜਕੇ ਭੋਜਨ ਮੰਗਵਾਇਆ ਜਾਵੇ। ਕਿਉਂਕਿ ਹਨੇਰਾ ਪੈਣ ਲੱਗ ਪਿਆ ਸੀ।"

**ਈਸਾ ਨੇ ਜਵਾਬ ਦਿੱਤਾ, 'ਇਸਦੀ ਕੋਈ ਜ਼ਰੂਰਤ ਨਹੀਂ, ਤੁਸੀਂ ਲੋਕਾਂ ਨੂੰ ਖਾਣਾ ਦਿਓ।' ਇੰਦਰਆਸ ਨੇ ਉਸਨੂੰ ਕਿਹਾ, 'ਇਥੇ ਇੱਕ ਲੜਕਾ ਹੈ ਜਿਸ ਕੋਲ ਜੌਂ ਦੀਆਂ ਪੰਜ ਰੋਟੀਆਂ ਅਤੇ ਦੋ ਮੱਛੀਆਂ ਹਨ। ਪਰ ਐਨੇ ਲੋਕਾਂ ਵਿੱਚ ਉਹ ਕਿਸ ਕੰਮ ਆਉਣਗੀਆਂ।' ਤਦ ਈਸਾ ਨੇ ਉਹ ਰੋਟੀਆਂ ਲਈਆਂ ਅਤੇ ਪਰਮੇਸ਼ਵਰ ਦਾ ਧੰਨਵਾਦ ਕਰਕੇ ਬੈਠੇ ਲੋਕਾਂ ਵਿੱਚ ਵੰਡ ਦਿੱਤੀਆਂ, ਇਸੇ ਤਰਾਂ ਹੀ ਉਸਨੇ ਮੱਛੀਆਂ ਵੀ ਵੰਡ ਦਿੱਤੀਆਂ। ਸਭ ਲੋਕਾਂ ਨੇ ਆਪਣਾ ਢਿੱਡ ਭਰਕੇ ਖਾਧਾ। 'ਜਦੋਂ ਸਾਰੇ ਤ੍ਰਿਪਤ ਹੋ ਗਏ ਤਾਂ ਈਸਾ ਨੇ ਚੇਲਿਆਂ ਨੂੰ ਕਿਹਾ, 'ਬਚਿਆ ਹੋਇਆ ਖਾਣਾ ਸੰਭਾਲ ਲਓ, ਕੁਝ ਵੀ ਵਿਅਰਥ ਨਹੀਂ ਜਾਣਾ ਚਾਹੀਦਾ।' ਸ਼ੁਰੂ ਵਿੱਚ ਜੌਂ ਦੀਆਂ ਕੇਵਲ ਪੰਜ ਰੋਟੀਆਂ ਸਨ ਤੇ ਇਨਾਂ ਚੋਂ ਜੋ ਬਚ ਗਈਆਂ ਉਹ ਰੋਟੀਆਂ ਦੀਆਂ ਬਾਰਾਂ ਟੋਕਰੀਆਂ ਸਨ ਜੋ ਲੋਕਾਂ ਦੇ ਖਾਣ ਤੋਂ ਬਾਅਦ ਵੀ ਬਚ ਗਈਆਂ।**

**"ਜੋ ਕੁਝ ਉਨਾਂ ਕੋਲ ਸੀ ਉਸ ਨਾਲੋਂ ਵੀ ਜ਼ਿਆਦਾ ਬਚ ਗਿਆ?"**

"ਹਾਂ, ਵੈਸ਼ਾਲੀ। ਈਸਾ ਤਾਂ ਲੋਕਾਂ ਨੂੰ ਇਹ ਸਬਕ ਸਿਖਾ ਰਿਹਾ ਸੀ ਕਿ ਪਿਤਾ ਪਰਮੇਸ਼ਵਰ ਹਰ ਜ਼ਰੂਰਤ ਪੂਰੀ ਕਰਦਾ ਹੈ। ਉਹ ਸਾਡੀਆਂ ਵੀ ਜ਼ਰੂਰਤਾਂ ਇਸੇ ਤਰਾਂ ਹੀ ਪੂਰੀਆਂ ਕਰੇਗਾ, ਜੇ ਅਸੀਂ ਮੰਗੀਏ ਤਾਂ।"



MIS Punjabi.indd 17 9/30/21 8:40 PM



# ਈਸਾ ਅਤੇ ਬੱਚੇ

*ਬਾਈਬਲ ਸੰਦਰਭ: ਮੱਤੀ 19, ਮਰਕੁਸ 10*

"ਈਸਾ ਨੇ ਲੋਕਾਂ ਨੂੰ ਦਿਖਾਇਆ ਕਿ ਪਰਮੇਸ਼ਵਰ ਬੱਚਿਆਂ ਨਾਲ ਪਿਆਰ ਕਰਦਾ ਹੈ। ਈਸਾ ਨੇ ਉਨਾਂ ਨੂੰ ਸਿਹਤਮੰਦ ਕੀਤਾ, ਉਸਦੀ ਮਦਦ ਕਰਨ ਦਿੱਤੀ (ਜਿਵੇਂ ਕਿ ਰੋਟੀ ਅਤੇ ਮੱਛੀ ਵਾਲੇ ਬੱਚੇ ਨੇ ਕੀਤਾ) ਇਥੋਂ ਤੱਕ ਕਿ ਉਸਨੇ ਮੁਰਦਿਆਂ ਵਿੱਚ ਜਾਨ ਪਾ ਦਿੱਤੀ।"

**ਕੁਝ ਬੱਚੇ ਈਸਾ ਕੋਲ ਲਿਆਏ ਜਾਂਦੇ ਤਾਂ ਕਿ ਉਹ ਉਨਾਂ ਦੇ ਸਿਰ ਉੱਪਰ ਮਿਹਰ ਦਾ ਹੱਥ ਰੱਖੇ ਅਤੇ ਉਨਾਂ ਦੇ ਭਲੇ ਲਈ ਅਰਦਾਸ ਕਰੇ। ਚੇਲਿਆਂ ਨੇ ਲੋਕਾਂ ਨੂੰ ਇਸ ਤੋਂ ਰੋਕਿਆ। ਜਦੋਂ ਈਸਾ ਨੇ ਇਹ ਦੇਖਿਆ ਤਾਂ ਉਸਨੇ ਕਿਹਾ, 'ਮੇਰੇ ਕੋਲ ਬੱਚਿਆਂ**



**ਨੂੰ ਆਉਣ ਦਿਓ। ਇਨਾਂ ਨੂੰ ਰੋਕਣਾ ਨਹੀਂ। ਜੇ ਕੋਈ ਵੀ ਪਰਮੇਸ਼ਵਰ ਦੇ ਰਾਜ ਨੂੰ ਬੱਚਿਆਂ ਦੀ ਤਰਾਂ ਗ੍ਰਿਹਣ ਨਹੀਂ ਕਰਦਾ, ਉਹ ਉਸਨੂੰ ਪਾ ਵੀ ਨਹੀਂ ਸਕਦਾ।**

**ਤਦ ਉਸਨੇ ਬੱਚਿਆਂ ਨੂੰ ਆਪਣੀਆਂ ਬਾਹਾਂ' ਚ ਲਿਆ, ਉਨਾਂ ਦੇ ਸਿਰਾਂ ਤੇ ਹੱਥ ਰੱਖਿਆ ਅਤੇ ਅਸੀਸਾਂ ਦਿੱਤੀਆਂ।** "ਮੈਂ ਵੀ ਈਸਾ ਤੋਂ ਆਸ਼ੀਰਵਾਦ ਲੈਣਾ ਚਾਹੁੰਦਾ ਹਾਂ।" ਤੂੰ ਵੀ ਲੈ ਸਕਦਾ ਏਂ ਵਿਸ਼ਾਲ। ਈਸਾ ਤਾਂ ਅੱਜ ਵੀ ਉਸੇ ਤਰਾਂ ਬੱਚਿਆਂ ਨੂੰ ਪਿਆਰ ਕਰਦੇ ਹਨ।"

"ਫ਼ਿਰ ਵੀ ਹਰ ਇੱਕ ਈਸਾ ਨੂੰ ਨਹੀਂ ਚਾਹੁੰਦਾ। ਜੋ ਕੁਝ ਵੀ ਈਸਾ ਕਰਦਾ ਜਾਂ ਸਿਖਾਉਂਦਾ ਉਸਤੋਂ ਧਾਰਮਿਕ ਆਗੂ ਬੜੇ ਦੁਖੀ ਹੁੰਦੇ। ਈਸਾ ਤੋਂ ਇਸ ਕਰਕੇ ਈਰਖਾ ਕਰਦੇ ਸਨ ਕਿ ਉਸਨੂੰ ਲੋਕ ਬੜਾ ਪਿਆਰ ਕਰਦੇ ਸਨ। ਇਸ ਲਈ ਈਸਾ ਨੂੰ ਖਤਮ ਕਰਨ ਵਾਸਤੇ ਉਨਾਂ ਇੱਕ ਯੋਜਨਾ ਬਣਾਈ।

# ਈਸਾ ਦੀ ਗ੍ਰਿਫ਼ਤਾਰੀ ਅਤੇ ਮੁਕੱਦਮਾ

*ਬਾਈਬਲ ਸੰਦਰਭ: ਲੂਕਾ 22, ਯੂਹੰਨਾ 19*

"ਇੱਕ ਰਾਤ, ਜਦੋਂ ਈਸਾ ਮਸੀਹ ਬਗੀਚੇ ਵਿੱਚ ਪ੍ਰਾਰਥਨਾ ਕਰ ਰਹੇ ਸਨ ਤਾਂ ਧਾਰਮਿਕ ਆਗੂਆਂ ਨੇ ਇੱਕ ਭੀੜ ਨੂੰ ਡੰਡੇ ਅਤੇ ਤਲਵਾਰਾਂ ਦੇਕੇ ਈਸਾ ਨੂੰ ਗ੍ਰਿਫ਼ਤਾਰ ਕਰ ਲਈ ਭੇਜ ਦਿੱਤਾ।"

**ਚੇਲਿਆਂ ਨੇ ਪੁੱਛਿਆ, "ਹੇ ਪ੍ਰਭੂ, ਕੀ ਸਾਨੂੰ ਲੜਨਾ ਚਾਹੀਦਾ ਏ? ਅਸੀਂ ਵੀ ਤਲਵਾਰਾਂ ਲੈਕੇ ਆਉਂਦੇ ਹਾਂ।" ਉਨਾਂ ਵਿੱਚੋਂ ਇੱਕ ਨੇ ਤਲਵਾਰ ਦਾ ਵਾਰ ਕਰਕੇ ਇੱਕ ਲਠੈਤ ਦਾ ਕੰਨ ਕੱਟ ਦਿੱਤਾ। ਪਰ ਈਸਾ ਨੇ ਕਿਹਾ, "ਠਹਿਰੋ, ਇਸ ਤਰਾਂ ਨਾ ਕਰੋ।" ਅਤੇ ਫ਼ਿਰ ਈਸਾ ਨੇ ਕੰਨ ਵਾਲੀ ਜਗ਼ਾ 'ਤੇ ਹੱਥ ਲਾਇਆ। ਉਸਦਾ ਕੰਨ ਠੀਕ ਹੋ ਗਿਆ।**





“ਕੀ ਈਸਾ ਨੇ ਆਪਣੇ ਦੁਸ਼ਮਣ ਦਾ ਕੰਨ ਠੀਕ ਕਰ ਦਿੱਤਾ?’

“ਹਾਂ ਵੈਸ਼ਾਲੀ, ਕਿਉਂਕਿ ਉਹ ਤਾਂ ਸਭ ਨੂੰ ਪਿਆਰ ਕਰਦਾ ਸੀ।’ ਭੀੜ ਨੇ ਈਸਾ ਨੂੰ ਫ਼ੜ ਲਿਆ ਅਤੇ ਗ੍ਰਿਫ਼ਤਾਰ ਕਰ ਲਿਆ। ਉਹ ਉਸਨੂੰ, ਉਸ ਜਗ਼ਾ ਦੇ ਰਾਜਪਾਲ ਪਿਲਾਤੁਸ ਕਲ ਲੈ ਗਏ ਅਤੇ ਉਸ ਉੱਤੇ ਮੁਕੱਦਮਾ ਚਲਾਇਆ। ਸਿਪਾਹੀਆਂ ਨੇ ਈਸਾ ਨੂੰ ਕੁੱਟਿਆ ਤੇ ਮਾਰਿਆ। ਉਸਦੇ ਸਿਰ ਉੱਤੇ ਕੰਡਿਆ ਦਾ ਤਾਜ ਰੱਖਿਆ ਅਤੇ ਉਸਦਾ ਮਜਾਕ ਉਡਾਇਆ। ਫ਼ੇਰ ਪਿਲਾਤੁਸ ਨੇ ਲੋਕਾਂ ਨੂੰ ਕਿਹਾ,

**“ਦੇਖੋ, ਮੈਂ ਉਸਨੂੰ ਬਾਹਰ ਤੁਹਾਡੇ ਸਾਮਣੇ ਲਿਆ ਰਿਹਾ ਹਾਂ। ਇਹ ਚੰਗੀ ਤਰਾਂ ਸਮਝ ਲਓ ਕਿ ਮੈਂ ਉਸ ਵਿੱਚ ਕੋਈ ਦੋਸ਼ ਨਹੀਂ ਪਾਇਆ।’ ਭੀੜ ਚੀਕੀ, ‘ਇਸਨੂੰ ਲੈ ਜਾਓ ਤੇ ਸੂਲੀ ਤੇ ਚੜ੍ਹਾ ਦਿਓ, ਤਦ ਪਿਲਾਤੁਸ ਨੇ ਈਸਾ ਨੂੰ ਸੂਲੀ ਤੇ ਚੜ੍ਹਾਉਣ ਲਈ ਭੀੜ ਨੂੰ ਸੌਂਪ ਦਿੱਤਾ।**

‘ਪਰ ਉਸਨੇ ਕੋਈ ਅਪਰਾਧ ਨਹੀਂ ਸੀ ਕੀਤਾ। ਇਹ ਤਾਂ ਸਰਾਸਰ ਬੇਇਨਸਾਫ਼ੀ ਹੈ।’ “ਤੂੰ ਠੀਕ ਕਹਿ ਰਿਹਾ ਏਂ ਵਿਸ਼ਾਲ। ਪਰ ਯਾਦ ਰੱਖ, ਪਰਮੇਸ਼ਵਰ ਦੀ ਹੀ ਇਹ ਇੱਕ ਯੋਜਨਾ ਸੀ।

# ਈਸਾ ਦਾ ਸੂਲੀ ਉੱਤੇ ਪ੍ਰਾਣ ਤਿਆਗਣਾ

*ਬਾਈਬਲ ਸੰਦਰਭ: ਲੂਕਾ 23*

'ਉਨਾਂ ਨੇ ਈਸਾ ਦੇ ਹੱਥਾਂ ਪੈਰਾਂ ਵਿੱਚ ਕਿੱਲਾਂ ਠੋਕ ਕੇ ਸੂਲੀ ਚੜਾਇਆ।'

**ਈਸਾ ਨੇ ਕਿਹਾ, 'ਹੇ ਪ੍ਰਭੂ ਪਰਮੇਸ਼ਵਰ ਤੂੰ ਇਨਾਂ ਲੋਕਾਂ ਨੂੰ ਮਾਫ਼ ਕਰੀਂ, ਕਿਉਂਕਿ ਇਹ ਨਹੀਂ ਜਾਣਦੇ ਕਿ ਇਹ ਕੀ ਕਰ ਰਹੇ ਹਨ।' ਈਸਾ ਦੇ ਨਾਲ ਦੋ ਅਪਰਾਧੀਆਂ ਨੂੰ ਵੀ ਸੂਲੀ ਚੜਾਇਆ ਗਿਆ। ਉਨਾਂ ਵਿੱਚ ਇੱਕ ਅਪਰਾਧੀ ਨੇ ਟਿੱਚਰ ਕਰਦਿਆਂ ਕਿਹਾ, 'ਕੀ ਤੂੰ ਈਸਾ ਮਸੀਹ ਨਹੀਂ?** (ਪਰਮੇਸ਼ਵਰ ਦੇ ਬੇਟੇ ਦਾ ਦੂਸਰਾ ਨਾਮ ਮਸੀਹ ਹੈ)

**ਸਾਨੂੰ ਅਤੇ ਆਪਣੇ ਆਪ ਨੂੰ ਬਚਾਕੇ ਤੂੰ ਇਹ ਸਿੱਧ ਕਰਕੇ ਵਿਖਾ।'**

**ਪਰ ਦੂਸਰੇ ਅਪਰਾਧੀ ਨੇ ਉਸਨੂੰ ਡਾਂਟਦਿਆਂ ਕਿਹਾ, "ਮੌਤ ਤੇਰੇ ਸਿਰ ਉੱਤੇ ਖੜੀ ਏ ਤੇ ਤੂੰ ਅਜੇ ਵੀ ਪਰਮੇਸ਼ਵਰ ਤੋਂ ਨਹੀਂ ਡਰਦਾ? ਸਾਨੂੰ ਤਾਂ ਸਾਡੇ ਕੀਤੇ ਬੁਰੇ ਕੰਮਾਂ ਕਰਕੇ ਸਜ਼ਾ ਮਿਲੀ ਹੈ ਪਰ ਇਸ ਆਦਮੀ ਨੇ ਤਾਂ ਕੋਈ ਮਾੜਾ ਕੰਮ ਕੀਤਾ ਹੀ ਨਹੀਂ।' ਫ਼ਿਰ ਉਸਨੇ ਈਸਾ ਨੂੰ ਕਿਹਾ, 'ਹੇ ਈਸਾ, ਜਦੋਂ ਤੂੰ ਆਪਣੇ ਰਾਜ ਭਾਗ ਵਿੱਚ ਪਰਤੇਂਗਾ ਤਾਂ ਮੈਨੂੰ ਵੀ ਯਾਦ ਰੱਖੀਂ।' ਈਸਾ ਨੇ ਜਵਾਬ ਦਿੱਤਾ, 'ਮੈਂ ਤੈਨੂੰ ਯਕੀਨ ਦਵਾਉਂਦਾ ਹਾਂ ਕਿ ਅੱਜ ਹੀ ਤੂੰ ਮੇਰੇ ਨਾਲ ਸਵਰਗਾਂ ਵਿੱਚ ਹੋਵੇਂਗਾ।'**

'ਉਹ ਸੱਚਮੁੱਚ ਹੀ ਮੌਤ ਤੋਂ ਬਾਅਦ ਈਸਾ ਨਾਲ ਹੋਵੇਗਾ?' 'ਹਾਂ ਵੈਸ਼ਾਲੀ।' 'ਫ਼ਿਰ ਈਸਾ ਨੇ ਉੱਚੀ ਅਵਾਜ਼ ਵਿੱਚ ਪਿਤਾ ਪਰਮੇਸ਼ਵਰ ਦਾ ਨਾਮ ਲਿਆ ਅਤੇ ਪ੍ਰਾਣ ਤਿਆਗ ਦਿੱਤੇ।' 'ਕੀ ਈਸਾ ਪਰਮੇਸ਼ਵਰ ਦੀ ਯੋਜਨਾ ਵਾਲਾ ਵਿਅਕਤੀ ਸੀ?' 'ਬਿਲਕੁਕ ਠੀਕ, ਵਿਸ਼ਾਲ। ਪਰਮੇਸ਼ਵਰ ਨੇ ਆਪਣਾ ਸਿੱਧ ਪੁੱਤਰ ਈਸਾ ਨੂੰ ਭੇਜਿਆ ਸੀ। ਸਾਡੇ ਕੀਤੇ ਪਾਪਾਂ ਦੀ ਸਜ਼ਾ ਭੁਗਤ ਕੇ ਉਸਦੀ ਮੌਤ ਹੋਈ।





# ਈਸਾ ਜ਼ਿੰਦਾ ਹਨ

*ਬਾਈਬਲ ਸੰਦਰਭ: ਮੱਤੀ 28, ਲੂਕਾ 24*

ਈਸਾ ਦੇ ਸ਼ਰੀਰ ਨੂੰ ਉਸਦੇ ਮਿੱਤਰਾਂ ਨੇ ਕਬਰ ਵਿੱਚ ਦਫ਼ਨਾਇਆ। ਹਫ਼ਤੇ ਦੇ ਪਹਿਲੇ ਦਿਨ ਸਵੇਰੇ ਸਵੇਰੇ ਦੋ ਔਰਤਾਂ ਕਬਰ ਦੇਖਣ ਆਈਆਂ। **ਅਚਾਨਕ ਇੱਕ ਭੂਚਾਲ ਆਇਆ, ਕਿਉਂਕਿ ਪਰਮੇਸ਼ਵਰ ਦਾ ਇੱਕ ਦੂਤ ਸਵਰਗਾਂ ਤੋਂ ਉੱਤਰ ਕੇ ਆਇਆ ਅਤੇ ਉਸਨੇ ਕਬਰ ਉੱਤੇ ਪਏ ਪੱਥਰ ਨੂੰ ਇੱਕ ਪਾਸੇ ਕਰ ਦਿੱਤਾ। 'ਡਰਨ ਦੀ ਕੋਈ ਲੋੜ ਨਹੀਂ,' ਉਸਨੇ ਕਿਹਾ, 'ਮੈਂ ਜਾਣਦਾ ਹਾਂ ਕਿ ਤੁਸੀਂ ਈਸਾ ਨੂੰ ਲੱਭ ਰਹੀਆਂ ਹੋ। ਜਿਸਨੂੰ ਸੂਲੀ ਉੱਤੇ ਲਟਕਾਇਆ ਗਿਆ ਸੀ। ਉਹ ਇਥੇ ਨਹੀਂ ਹੈ ਕਿਉਂਕਿ ਉਹ ਆਪਣੇ ਕਹਿਣ ਅਨੁਸਾਰ ਫ਼ਿਰ ਜੀ ਉਠਿਆ ਹੈ। ਜਾਓ ਅਤੇ ਉਸਦੇ ਚੇਲਿਆਂ ਨੂੰ ਇਹ ਖਬਰ ਦਿਓ।'**



'ਇਹ ਤਾਂ ਸਭ ਤੋਂ ਚੰਗੀ ਗੱਲ ਹੋਈ'

'ਹਾਂ ਵਿਸ਼ਾਲ। ਸਾਡੇ ਪਾਪਾਂ ਦੀ ਸਜ਼ਾ ਭੁਗਤਣ ਤੋਂ ਬਾਅਦ ਉਹ ਫ਼ਿਰ ਜ਼ਿੰਦਾ ਹੋ ਗਿਆ। ਇਹੋ ਤਾਂ ਪਰਮੇਸ਼ਵਰ ਦੀ ਯੋਜਨਾ ਸੀ।' ਜਦੋਂ ਉਸਦੇ ਚੇਲੇ ਉਸ ਬਾਰੇ ਗੱਲਾਂ ਕਰ ਹੀ ਰਹੇ ਸਨ **ਕਿ ਅਚਾਨਕ ਈਸਾ, ਖੁਦ ਉਨਾਂ ਵਿਚਕਾਰ ਆ ਖੜਾ ਹੋਇਆ, 'ਤੁਹਾਨੂੰ ਸ਼ਾਂਤੀ ਮਿਲੇ' ਉਸਨੇ ਕਿਹਾ। ਪਰ ਸਾਰੇ ਬੜੇ ਬੁਰੀ ਤਰਾਂ ਡਰੇ ਹੋਏ ਸਨ ਕਿਉਂਕਿ ਉਹ ਸੋਚ ਰਹੇ ਸਨ ਜਿਵੇਂ ਉਹ ਕਿਸੇ ਭੂਤ ਨੂੰ ਵੇਖ ਰਹੇ ਹੋਣ।**

**'ਤੁਸੀਂ ਡਰੇ ਹੋਏ ਕਿਉਂ ਹੋ?' ਉਸਨੇ ਪੁੱਛਿਆ, 'ਤੁਸੀਂ ਮੇਰੇ ਹੱਥ ਵੇਖੋ, ਮੇਰੇ ਪੈਰ ਵੇਖੋ। ਤੁਸੀਂ ਮਹਿਸੂਸ ਕਰੋਂਗੇ ਕਿ ਇਹ ਮੈਂ ਹੀ ਹਾਂ। ਤੁਸੀਂ ਮੈਨੂੰ ਛੂਹਕੇ ਦੇਖੋ ਅਤੇ ਪੂਰੀ ਤਸੱਲੀ ਕਰੋ ਕਿ ਮੈਂ ਭੂਤ ਨਹੀਂ ਹਾਂ।'**



MIS Punjabi.indd 25 9/30/21 8:40 PM



# ਈਸਾ ਅੱਜ ਕਿੱਥੇ ਹੈ?

*ਬਾਈਬਲ ਸੰਦਰਭ: ਯੂਹੰਨਾ 16 ਭਾਗ 1*

'ਈਸਾ ਆਪਣੇ ਚੇਲਿਆਂ ਨਾਲ ਕਈ ਹਫ਼ਤੇ ਰਹੇ।' 'ਫ਼ੇਰ ਤਾਂ ਉਹ ਬੜੇ ਖੁਸ਼ ਹੋਣਗੇ।' 'ਜੀ ਹਾਂ, ਪਰ ਈਸਾ ਹੁਣ ਕਿੱਥੇ ਹਨ?' 'ਬੜਾ ਅੱਛਾ ਸਵਾਲ ਹੈ ਵੈਸ਼ਾਲੀ।'

ਈਸਾ ਨੇ ਕਿਹਾ, **'ਇਹ ਤੁਹਾਡੇ ਲਈ ਹੀ ਚੰਗੀ ਗੱਲ ਹੋਵੇਗੀ ਕਿ ਮੈਂ ਚਲਾ ਜਾਵਾਂ। ਜੇ ਮੈਂ ਨਾ ਗਿਆ ਤਾਂ ਪਵਿੱਤਰ ਆਤਮਾ ਤੁਹਾਡੇ ਕੋਲ ਨਹੀਂ ਆਏਗੀ। ਜੇ ਮੈਂ ਚਲਾ ਜਾਵਾਂ ਤਾਂ ਉਹ ਪਵਿੱਤਰ ਆਤਮਾ ਆਵੇਗੀ ਕਿਉਂਕਿ ਮੈਂ ਹੀ ਉਸਨੂੰ ਤੁਹਾਡੇ ਕੋਲ ਭੇਜਾਂਗਾ।'**



ਚੇਲਿਆਂ ਨਾਲ ਜਦੋਂ ਈਸਾ ਨੇ ਗੱਲ ਮੁਕਾ ਲਈ ਤਾਂ ਉਨਾਂ ਦੇ ਦੇਖਦੇ ਦੇਖਦੇ ਹੀ ਉਹ ਅਸਮਾਨ ਵੱਲ ਜਾਣ ਲੱਗ ਪਿਆ ਤੇ ਬੱਦਲਾਂ ਵਿੱਚ ਅਲੋਪ ਹੋ ਗਿਆ। ਦੋ ਸਵਰਗ ਦੂਤਾਂ ਨੇ ਲੋਕਾਂ ਨੂੰ ਦੱਸਿਆ **'ਈਸਾ, ਜੋ ਹੁਣੇ ਤੁਹਾਡੇ ਕੋਲ ਸੀ, ਉਸਨੂੰ ਅਸੀਂ ਸਵਰਗਾਂ ਵਿੱਚ ਲੈ ਚੱਲੇ ਹਾਂ। ਕਿਸੇ ਦਿਨ, ਇਹ ਫ਼ਿਰ, ਜਿਵੇਂ ਤੁਹਾਡੇ ਕੋਲੋਂ ਗਿਆ ਹੈ, ਉਸੇ ਤਰਾਂ ਹੀ ਵਾਪਸ ਆਵੇਗਾ।'**

ਪਰਮੇਸ਼ਵਰ ਦੇ ਬੱਚਿਆਂ ਲਈ ਈਸਾ ਫ਼ਿਰ ਇੱਕ ਦਿਨ ਆਵੇਗਾ। ਇਹ ਉਨਾਂ ਲਈ ਹੈ ਜੋ ਇਹ ਵਿਸ਼ਵਾਸ ਰੱਖਦੇ ਹਨ ਕਿ ਈਸਾ ਉਨਾਂ ਮਰਿਆ ਅਤੇ ਉਨਾਂ ਦੀਆਂ ਭੁੱਲਾਂ ਮਾਫ਼ ਹੋਈਆਂ। ਅਸੀਂ ਉਸ ਨਾਲ ਸਦਾ ਰਹਾਂਗੇ। ਪਰਮੇਸ਼ਵਰ ਦੇ ਪਿਆਰ ਤੋਂ ਸਾਨੂੰ ਫ਼ਿਰ ਕੋਈ ਅਲੱਗ ਨਹੀਂ ਕਰੇਗਾ।







MIS Punjabi.indd 28 9/30/21 8:41 PM

ਪਿਆਰੇ ਪਰਮੇਸ਼ਵਰ, ਮੈਂ ਜਾਣਦਾ ਹਾਂ ਕਿ ਮੈਂ ਗੁਨਾਹਗਾਰ ਹਾਂ। ਮੈਂ ਗਲਤ ਕੰਮਾਂ ਨੂੰ ਚੁਣ ਲਿਆ ਤੇ ਬੁਰੇ ਕੰਮ ਕੀਤੇ। ਮੈਨੂੰ ਇਸਦਾ ਦੁੱਖ ਹੈ। ਮਿਹਰਬਾਨੀ ਕਰਕੇ ਮੈਨੂੰ ਮਾਫ਼ ਕਰ ਦਿਓ। ਮੈਨੂੰ ਪਤਾ ਹੈ ਕਿ ਤੁਹਾਡਾ ਪੁੱਤਰ ਈਸਾ ਮੇਰੇ ਗੁਨਾਹਾਂ ਕਰਕੇ ਮਰਿਆ ਅਤੇ ਮੈਨੂੰ ਇਹ ਵੀ ਵਿਸ਼ਵਾਸ ਹੈ ਕਿ ਤੂੰ ਉਸਨੂੰ ਮਰੇ ਹੋਏ ਨੂੰ ਜਿੰਦਾ ਕੀਤਾ। ਮੈਂ ਚਾਹੁੰਦਾ ਹਾਂ ਕਿ ਈਸਾ ਮੇਰਾ ਪਰਮੇਸ਼ਵਰ ਬਣੇ। ਮੈਨੂੰ ਆਪਣਾ ਪੁੱਤਰ ਸਮਝਣ ਅਤੇ ਪਿਆਰ ਕਰਨ ਲਈ ਧੰਨਵਾਦ, ਕਿਰਪਾ ਕਰਕੇ ਹੁਣ ਤੂੰ ਮੈਨੂੰ ਆਪਣੀ ਪਵਿੱਤਰ ਆਤਮਾ ਨਾਲ ਭਰ ਦੇ, ਤਾਂ ਕਿ ਮੇਰੇ ਵਿੱਚ ਉਹ ਸਾਰੀ ਸ਼ਕਤੀ ਆ ਜਾਵੇ ਜਿਸ ਨਾਲ ਮੈਂ ਤੇਰਾ ਆਗਿਆਕਾਰ ਬਣਿਆ ਰਹਾਂ। ਆਮੀਨ।





MIS Punjabi.indd 29 9/30/21 8:41 PM


ਵਾਹ! ਮੈਂ ਹੁਣ ਪਰਮੇਸ਼ਵਰ ਦਾ ਪੁੱਤਰ ਬਣ ਗਿਆ। ਹੈ ਨਾ?
ਬਿਲਕੁਲ ਠੀਕ
ਹੁਣ ਪਰਮੇਸ਼ਵਰ ਨੂੰ ਹੋਰ ਜਾਨਣ ਵਾਸਤੇ ਪ੍ਰਾਰਥਨਾ ਕਰਦੇ ਵਕਤ ਉਸ ਨਾਲ ਗੱਲਾਂ ਕਰੀਏ ਅਤੇ ਉਸਦੀ ਕਿਤਾਬ ਬਾਈਬਲ ਵਿੱਚੋਂ ਉਸ ਬਾਰੇ ਪੜੀਏ। ਪਰਮੇਸ਼ਵਰ ਬਾਈਬਲ ਰਾਹੀਂ ਤੁਹਾਡੇ ਨਾਲ ਗੱਲਾਂ ਕਰਦਾ ਹੈ ਤੇ ਦੱਸਦਾ ਹੈ ਕਿ ਤੁਹਾਡੇ ਕਰਨ ਵਾਲੇ ਕਿਹੜੇ ਕਿਹੜੇ ਜ਼ਰੂਰੀ ਕੰਮ ਹਨ।
ਉਹ ਕਿਹੜੇ ਹਨ,ਪਾਪਾ?
ਪਰਮੇਸ਼ਵਰ ਨਾਲ ਪਿਆਰ ਕਰਨਾ, ਲੋਕਾਂ ਨੂੰ ਈਸਾ ਬਾਰੇ ਦੱਸਣਾ ਅਤੇ ਪਰਮੇਸ਼ਵਰ ਦੀ ਸਮਰੱਥਾ ਅਤੇ ਪਿਆਰ ਦਿਖਾਉਣਾ
ਈਸਾ ਨੇ ਆਪਣੇ ਚੇਲਿਆਂ ਨੂੰ ਕਿਹਾ, “ਜਾਓ ਅਤੇ ਲੋਕਾਂ ਨੂੰ ਬਗੈਰ ਭੇਦ ਭਾਵ ਦੇ ਚੇਲੇ ਬਣਾਓ ਅਤੇ ਜੋ ਜੋ ਆਦੇਸ਼ ਤੁਹਾਨੂੰ ਦਿੱਤੇ ਹਨ ਉਹ ਉਨਾਂ ਨੂੰ ਸਿਖਾਓ ਅਤੇ ਇਸ ਗੱਲ ਉੱਤੇ ਯਕੀਨ ਰੱਖੋ ਕਿ ਮੈਂ ਹਮੇਸ਼ਾ ਤੁਹਾਡੇ ਨਾਲ ਹਾਂ। ਮੱਤੀ *28:19-20*


ਈਸਾ ਦੇ ਸਵਰਗਾਂ ਵਿੱਚ ਜਾਣ ਤੋਂ ਬਾਅਦ ਉਨਾਂ ਸਾਡੇ ਕੋਲ ਪਵਿੱਤਰ ਆਤਮਾ ਭੇਜ ਦਿੱਤੀ। ਉਹ ਸਾਡਾ ਮਾਰਗ ਦਰਸ਼ਨ ਕਰੇਗੀ, ਸਿਖਾਏਗੀ ਅਤੇ ਪਰਮੇਸ਼ਵਰ ਦੀ ਵਿਸ਼ੇਸ਼ ਸ਼ਕਤੀ ਦੇਵੇਗੀ ਤਾਂ ਕਿ ਅਸੀਂ ਹੋਰਨਾਂ ਨੂੰ ਵੀ ਈਸਾ ਦੇ ਬਾਰੇ ਦੱਸ ਸਕੀਏ।
ਮੈਂ ਆਪਣੇ ਦੋਸਤਾਂ ਨੂੰ ਦੱਸਣਾ ਚਾਹਾਂਗਾ
ਆ ... ਹਾ ...! ਸਭ ਤੋਂ ਚੰਗੀ ਗੱਲ ਹੁਣੇ ਹੁਣੇ ਹੋਈ! ਤੁਹਾਡੇ ਨਾਲ ਵੀ ਇਹ ਹੋ ਸਕਦੀ ਏ! ਜਿਵੇਂ ਕਿ ਮੈਂ ਫ਼ੈਸਲਾ ਲਿਆ ਹੈ, ਤੁਸੀਂ ਵੀ ਇਹ ਫ਼ੈਸਲਾ ਕਰੋ ਕਿ ਤੁਸੀਂ ਵੀ ਈਸਾ ਵਿੱਚ ਵਿਸ਼ਵਾਸ ਰਖੋਂਗੇ। ਪ੍ਰਾਰਥਨਾ ਕਰੋ, ਪਰਮੇਸ਼ਵਰ ਤੁਹਾਡੀ ਸੁਣੇਗਾ। ਉਹ ਤੁਹਾਡੇ ਨਾਲ ਪਿਆਰ ਕਰਦਾ ਹੈ। ਉਹ ਤੁਹਾਡੇ ਗੁਨਾਹ ਮਾਫ਼ ਕਰਕੇ ਤੁਹਾਨੂੰ ਆਪਣਾ ਪੁੱਤਰ ਬਣਾਵੇਗਾ।

ਪਰਮੇਸ਼ਵਰ ਦੀ ਕਿਤਾਬ ਉਤੇ ਇੱਕ ਨਜ਼ਰ ਮਾਰੋ।
ਆਪਣੇ ਜੀਵਨ ਦੇ ਸਾਹਸਿਕ ਕੰਮ ਦੀ
ਸ਼ੁਰੂਆਤ ਕਰੋ।



Copyright © 1995. All rights reserved.
The Most Important Story® is a registered trademark.

Published by The Most Important Story Publications, LLC.

ISBN 978 1 60834 372 0

*Punjabi*

www.mostimportantstory.com

ISBN 978-1-60834-372-0

MIS Punjabi.indd 32 9/30/21 8:41 PM